# ਦੀਵਾਲੀ ਦੀ ਰਾਤਿ

**ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ॥**

ਇਹ ਭਾਈ ਗੁਰਦਾਸ ਜੀ ਦੀ ੧੯ਵੀਂ ਵਾਰ ਦੀ ੬ਵੀਂ ਪਉੜੀ ਹੈ। ਆਮ ਤੌਰ ਤੇ ਇਹ ਪਉੜੀ ਦੀਵਾਲੀ ਦੀ ਰਾਤ ਤੇ ਉਸਦੇ ਆਸ ਪਾਸ, ਰਾਗੀਆਂ ਦੁਆਰਾ ਗਾਈ ਜਾਂਦੀ ਹੈ ਅਤੇ ਇਸ ਨੂੰ ਦੀਵੇ ਬਾਲਣ ਲਈ ਉਪਦੇਸ਼ ਮੰਨਿਆ ਜਾਂਦਾ ਹੈ ਜੋ ਕਿ ਸਹੀ ਨਹੀਂ, ਸਗੋਂ ਗੁਰਮਤਿ ਦੇ ਬਿਲਕੁਲ ਉਲਟ ਹੈ।

This piece of poetry is the 6th stanza of 19th *Vaar* of Bhai Gurdas ji. In modern times, this *Pauri* is sung by *Raagis*, Gurbani singers, specially on eve of *Diwali* and is wrongly considered as a piece of advice by Bhai Gurdas ji to lit earthen lamps on *Diwali* night. But the fact is on the contrary.

-- ਦੀਵਾਲੀ ਦੀ ਰਾਤ ਲੋਕ ਦੀਵੇ ਬਾਲਦੇ ਹਨ। ਪਰ ਇਹ ਦੀਪ ਮਾਲਾ ਥੋੜ੍ਹੇ ਚਿਰ ਦੀ ਮਹਿਮਾਨ ਹੁੰਦੀ ਹੈ।

-- On the eve of *Diwali* night, people lit the earthen lamps but that beautiful sight of lighting is very short lived.

**ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ॥**

-- ਇਸੇ ਤਰ੍ਹਾਂ ਰਾਤ ਨੂੰ ਅਸਮਾਨ ਵਿਚ ਤਾਰੇ ਚਮਕਦੇ ਹਨ ਪਰ ਦਿਨ ਨੂੰ ਲਭਿਆਂ ਨਹੀਂ ਲਭਦੇ, ਭਾਵ ਉਨ੍ਹਾਂ ਦੀ ਚਮਕ ਵੀ ਥੋੜ੍ਹ ਚਿਰੀ ਹੀ ਹੈ।

ਦੀਵੇ ਬਾਰੇ ਗੁਰਬਾਣੀ ਵਿਚ ੬੯੪ ਅੰਕ ਤੇ ਭਗਤ ਰਵਿਦਾਸ ਜੀ ਨੇ ਸਪੱਸ਼ਟ ਕਰ ਦਿਤਾ ਹੈ ਕਿ ਨਾਮ ਹੀ ਅਸਲ ਦੀਵਾ ਹੈ, ਉਸ ਵਿਚ ਬਤੀ ਵੀ ਨਾਮ ਦੀ ਹੋਵੇ ਤੇ ਤੇਲ ਵੀ ਨਾਮ ਦਾ ਪਾਇਆ ਜਾਏ ਅਤੇ ਫ਼ਿਰ ਨਾਮ ਦੀ ਜੇ ਅਸਲ ਜੋਤਿ ਜਗਾ ਦਿਤੀ ਜਾਏ ਤਾਂ ਸਾਰਾ ਜਗਤ ਹੀ ਰੁਸ਼ਨਿਆ ਜਾਏ - 'ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥ ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ॥'

-- Likewise the beautiful vision of so many stars in the sky at night is also short lived. With the advent of the day, these stars disappear and can't be seen or located anywhere. So that beauty is also transitory.

In *Gurbani*, *Bhagat* Ravidas ji, on page 694, makes it clear that the earthern pot must of God's Name and the cord therein also must be of Thy Name. The oil too should be of God's Name. Then, when the flame of Thy Name is lit, it enlightens the whole creation with the Divine Wisdom.

**ਫੁਲਾਂ ਦੀ ਬਾਗਾਤਿ ਚੁਣ ਚੁਣ ਚਾਲੀਅਨਿ॥**

-- ਫੁਲਾਂ ਦੇ ਸੋਹਣੇ ਬਾਗ਼ਾਨ ਦੀ ਸੁੰਦਰਤਾ ਵੀ ਸਦਾ ਨਹੀਂ ਰਹਿੰਦੀ, ਇਕ ਇਕ ਕਰਕੇ ਸਾਰੇ ਫੁਲ ਮੁਰਝਾ ਜਾਂਦੇ ਹਨ। ਫੁਲਾਂ ਦੀ ਮਿਆਦ ਹਮੇਸ਼ਾਂ, ਬਹੁਤ ਹੀ ਥੋੜ-ਚਿਰੀ ਹੁੰਦੀ ਹੈ।

ਭਗਤ ਰਵਿਦਾਸ ਜੀ, ਉਸੇ ਸ਼ਬਦ ਵਿਚ, ਅਸਲ ਫੁਲ ਅਰਪਣ ਕਰਣ ਬਾਰੇ ਸਪੱਸ਼ਟ ਕਰਦੇ ਹਨ ਕਿ ਨਾਮ ਦੇ ਹੀ ਫੁਲਾਂ ਦੀ ਮਾਲਾ ਪ੍ਰਭੂ ਨੂੰ ਅਰਪਣ ਕਰਨੀ ਬਣਦੀ ਹੈ ਜੋ ਕਦੇ ਨਾਸ ਨਹੀਂ ਹੁੰਦੀ - 'ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ...'

-- Beauty of flowers in the gardens is also very short lived. One by

one all flowers fade away very soon. *Bhagat* Ravidas ji clearly states that, the garland we offer to our God should be of *Naam Simran*, and not of the ordinary, transient flowers, which fade away in no time.

**ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।।**

-- ਤੀਰਥਾਂ ਤੇ ਜਾਤਰੂਆਂ ਦੀ ਚਹਿਲ ਪਹਿਲ ਵੀ ਥੋੜ੍ਹ ਚਿਰੀ ਹੀ ਹੁੰਦੀ ਹੈ, ਤਿਉਹਾਰ ਤੋਂ ਬਾਦ ਸਭ ਨਿਖੜ ਜਾਂਦੇ ਹਨ। ਤੀਰਥ ਵੀਰਾਨ ਹੋ ਜਾਂਦੇ ਹਨ।

-- Similarly hustle and bustle at places of pilgrimage also does not last long. Soon after the occasion, people leave that place and there is lull.

**ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ॥**

-- ਹਰਿਚੰਦਉਰੀ, ਰਾਜਾ ਹਰੀਚੰਦ ਨੂੰ ਦਿਸੀ ਉਹ ਗੰਧਰਬ ਨਗਰੀ ਸੀ ਜਿਸਦੀ ਕੋਈ ਅਸਲ ਹੋਂਦ ਨਹੀਂ ਸੀ, ਕਹਿਣ ਦਾ ਭਾਵ ਕਿ ਜੋ ਥੋੜ੍ਹੇ ਚਿਰ ਦਾ ਸੁਫ਼ਨ ਮਾਤਰ ਅਨੰਦ ਹੈ ਉਸਦੀ ਕੋਈ ਹਸਤੀ ਨਹੀਂ।

ਰਾਜਾ ਹਰਿਸ਼ਚੰਦ੍ਰ ਤੇ ਵਾਹਗੁਰੂ ਦੀ ਕਿਰਪਾ ਹੋਈ ਸੀ। ਉਸ ਨੂੰ, ਭਗਤ ਧ੍ਰੂ ਦੀ ਤਰ੍ਹਾਂ ਇਕ ਵਖਰਾ ਅਟਲ ਸਥਾਨ ਸੌਂਪਿਆ ਗਿਆ ਸੀ ਅਤੇ ਉਸ ਦੀ ਇਛਾ ਦੇ ਮੁਤਾਬਕ ਉਸਦੀ ਨਗਰੀ ਦੀ ਸਾਰੀ ਪਰਜਾ ਨੂੰ ਨਾਲ ਹੀ ਉਥੇ ਵਸਾਉਣ ਦੀ ਕਿਰਪਾ ਵੀ ਹੋਈ, ਕਿਉਂਕਿ ਉਹ ਆਪਣੀ ਪਰਜਾ ਨਾਲ ਬਹੁਤ ਪ੍ਰੇਮ ਕਰਦਾ ਸੀ। ਉਸ ਨਗਰੀ ਨੂੰ ਹਰਿਸ਼ਚੰਦ੍ਰਪੁਰ, ਗੰਧਰਵ ਨਗਰ, ਹਰਿਚੰਦਉਰੀ ਆਦਿ ਕਹਿੰਦੇ ਹਨ। ਕਿਉਂਕਿ ਇਸ ਨਗਰ ਤਕ ਹੋਰ ਕਿਸੇ ਦੀ ਪਹੁੰਚ ਸੰਭਵ ਨਹੀਂ ਪਰ ਕਈ ਲੋਕ ਉਥੇ ਪਹੁੰਚਣਾ ਲੋਚਦੇ ਹਨ। ਜਦੋਂ ਧੁੰਧਾਂ ਦੌਰਾਨ ਜਾਂ ਬਦਲਵਾਈ ਦੌਰਾਨ ਜਾਂ ਵਧ ਠੰਢ ਵਿਚ ਤੇਜ਼ ਧੁਪ ਪੈਣ ਨਾਲ ਅਜਿਹੀ ਕਿਸੇ ਸੰ-ਰਚਨਾ ਦਾ ਅਕਾਸ਼ ਵਿਚ ਖ਼ਿਆਲੀ ਆਭਾਸ ਹੁੰਦਾ ਹੈ ਤਾਂ ਕੁਝ ਲੋਕ ਉਸ ਨੂੰ ਹਰਿਚੰਦਉਰੀ ਦਾ ਨਜ਼ਰ ਆਉਣਾ ਕਹਿ ਦਿੰਦੇ ਹਨ। ਪਰ ਉਥੇ ਤਕ ਕਦੇ ਕਿਸੇ ਦੀ ਪਹੁੰਚ ਨਹੀਂ ਹੋ ਸਕਦੀ ਤਾਂ ਉਸਦੇ ਖ਼ਿਆਲੀ ਪੁਲਾਉ ਬਣਾਉਣ ਦਾ ਕੋਈ ਲਾਭ ਨਹੀਂ। ਇਹ ਹਰਿਚੰਦਉਰੀ ਦਾ ਨਜ਼ਾਰਾ ਕਿਤਨਾ ਹੀ ਸੁੰਦਰ ਕਿਉਂ ਨਾ ਭਾਸੇ, ਇਹ ਖ਼ਿਆਲੀ ਪੁਲਾਉ ਹੀ ਹੈ, ਇਹ ਕਦੇ ਆਪਣਾ ਨਹੀਂ ਹੋ ਸਕਦਾ, ਮਿਲ ਨਹੀਂ ਸਕਦਾ। ਇਸ ਦੀ ਪ੍ਰਾਪਤੀ ਦੀ ਕਾਮਨਾ ਵੀ, ਮ੍ਰਿਗ ਤ੍ਰਿਸ਼ਨਾ ਦੇ ਜਲ ਵਾਂਙ ਹੀ ਹੈ।

ਗੁਰਬਾਣੀ ਵਿਚ ਵੀ ਸ੍ਰੀ ਗੁਰੂ ਅਰਜਨ ਸਾਹਿਬ ਨੇ, ਅੰਕ ੪੦੨ ਤੇ, ਇਸ ਬਾਰੇ ਉਪਦੇਸ਼ ਦਿਤਾ ਹੈ ਕਿ ਇਕ ਵਾਹਿਗੁਰੂ ਦਾ ਨਾਮ ਸਿਮਰਨ ਹੀ ਜੀਵਨ ਦਾ, ਅਸਲ ਲਾਹਾ ਕਮਾਇਆ ਜਾਵੇ, ਹਰਿਚੰਦਉਰੀ (ਰਾਜਾ ਹਰੀਚੰਦ ਦੀ ਦਸੀ ਜਾਂਦੀ ਉਹ ਗੰਧਰਬ ਨਗਰੀ) ਦੀ ਸੁੰਦਰਤਾ ਦਾ ਨਜ਼ਾਰਾ ਬਹੁਤ ਥੋੜਚਿਰਾ ਹੁੰਦਾ ਹੈ - 'ਦ੍ਰਿਸਟਿ ਦੇਖੁ ਜੈਸੇ ਹਰਿਚੰਦਉਰੀ ਇਕੁ ਰਾਮ ਭਜਨੁ ਲੈ ਲਾਹਾ॥'

ਅੰਕ ੪੬੦ ਤੇ ਵੀ ਗੁਰੂ ਸਾਹਿਬ ਨੇ ਖ਼ਬਰਦਾਰ ਕੀਤਾ ਹੈ ਕਿ ਅਜਿਹੀ ਥੋੜ-ਚਿਰੀ ਖ਼ੁਸ਼ੀ ਰਾਹੀਂ ਮੂਰਖ ਇਸਤਰੀ, ਕੂੜੀ ਸੇਜਾ ਤੇ, ਕੂੜੇ ਪ੍ਰੀਤਮ ਨੂੰ ਮਾਣ ਰਹੀ ਹੈ। ਕਮਾਏ ਹੋਏ ਪਾਪ, ਲਬ, ਲੋਭ, ਹੰਕਾਰ ਦਾ ਕੂੜਾ, ਹਰਿਚੰਦਉਰੀ ਦੇ ਸੁੰਦਰ ਨਜ਼ਾਰੇ ਨਾਲ ਨਹੀਂ ਮਿਟਦਾ। ਇਸ ਨਾਲ ਆਵਾਗਮਨ ਦਾ ਚਕਰ ਖ਼ਤਮ ਨਹੀਂ ਹੁੰਦਾ - 'ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ॥ ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ॥ ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ॥ ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੇ ਆਵਣੁ

ਜਾਇਣੁ॥'

ਅਗਲੇ ਪੰਨੇ ਤੇ ਵੀ ਦਸਿਆ ਹੈ ਕਿ ਅਜਿਹੇ ਮਾਇਆ ਦੇ ਜਿੰਨੇ ਮਰਜ਼ੀ ਰੰਗ ਹੋਣ ਇਹ ਮਨੁਖ ਦਾ ਸਾਥ ਨਹੀਂ ਨਿਭਾਉਂਦੇ, ਸਦਾ ਲਈ ਨਹੀਂ ਹੁੰਦੇ। ਇਹ ਨਾਲ ਨਹੀਂ ਨਿਭਦੇ। ਦਿਨ ਰਾਤ ਹਰੀ ਪ੍ਰਭੂ ਦਾ ਜਪਿਆ ਹੋਇਆ ਨਾਮ ਹੀ ਸਚ ਹੈ, ਨਾਲ ਨਿਭਣ ਵਾਲਾ ਹੈ, ਬਾਕੀ ਮਾਇਆ ਦਾ ਭੁਲਾਵਾ ਹੈ – 'ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ॥ ਮਾਇਆ ਰੰਗ ਜੇਤੇ ਸੇ ਸੰਗਿ ਨ ਜਾਹੀ॥ ਹਰਿ ਸੰਗਿ ਸਾਥੀ ਸਦਾ ਤੇਰੈ ਦਿਨਸੁ ਰੈਣਿ ਸਮਾਲੀਐ॥ ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ॥'

ਇਸੇ ਤਰ੍ਹਾਂ ਇਹ ਮ੍ਰਿਗ ਤ੍ਰਿਸ਼ਨਾ ਅਤੇ ਹਰਿਚੰਦਉਰੀ ਦੇ ਗੰਧਰਬ ਨਗਰ ਦੀ ਪ੍ਰਾਪਤੀ, ਸਦਾ ਥਿਰ ਰਹਿਣ ਵਾਲੀ ਨਹੀਂ। ਜਿਨ੍ਹਾਂ ਨੇ ਪਰਮੇਸ਼ਰ ਦੀ ਅਰਾਧਨਾ ਕੀਤੀ ਹੈ, ਸਿਮਰਣ ਕੀਤਾ ਹੈ, ਉਨ੍ਹਾਂ ਦੇ ਨਾਲ ਹੀ ਪ੍ਰਭੂ ਦੀ ਅਸਲ ਸੁੰਦਰਤਾ ਵਸਦੀ ਹੈ – 'ਮ੍ਰਿਗ ਤਿਸਨਾ ਪੇਖਿ ਭੁਲਣੇ ਵੂਠੇ ਨਗਰ ਗੰਧ੍ਰਬ॥ ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ॥', ਅੰਕ ੧੪੨੫.

-- *Hari-Chandauri* is considered as a Divine City, presented to King Harish Chandra. But he loved his subjects so much that he prayed to take all of them to that Divine City, which was granted. Now some people long for that Divine City for there is no pain or suffering over there. Some people feel it in the sky out of delusion, during rainy season or shiny winter day. *Gurbani* tells that all worldly pleasures are also temporary and hence illusionary like mirage. Like this, all pleasures and enjoyments are transitory and don't grant blissfulness. The actual happiness can be achieved through *Naam Simran* only. Appropriate quotations are given in *Gurmukhi*.

## ਗੁਰਮੁਖਿ ਸੁਖ ਫਲ ਦਾਤਿ ਸਬਦ ਸਮ੍ਹਾਲੀਅਨਿ॥੬॥

-- ਗੁਰਮੁਖਿ ਨੂੰ, ਜੋ ਗੁਰ ਸ਼ਬਦ ਦੀ ਕਮਾਈ, ਭਾਵ, ਸਿਮਰਨ ਰਾਹੀਂ ਸੁਖ ਫ਼ਲ ਦੀ ਦਾਤ ਪਰਾਪਤ ਹੁੰਦੀ ਹੈ ਉਹ ਹੀ ਸਦੀਵੀ ਹੈ। ਇਸ ਲਈ ਦੀਵੇ ਬਾਲਣ ਦੀ, ਤਾਰਿਆਂ ਦੇ ਸੁੰਦਰ ਨਜ਼ਾਰੇ ਦੀ, ਤੀਰਥਾਂ ਤੇ ਚਹਿਲ ਪਹਿਲ ਆਦਿ ਦੀ ਥੋੜ-ਚਿਰੀ ਖ਼ੁਸ਼ੀ ਸਦੀਵੀ ਨਹੀਂ ਹੁੰਦੀ, ਇਸ ਲਈ ਗੁਰਮਤਿ ਅਨੁਸਾਰੀ ਨਹੀਂ।

But the State of Blissfullness acquired by a *Gurmukh* (*ਗੁਰਮੁਖਿ*) through the meditation on the *Shabad* allotted by the True *Guru*, which we call, the *Gurmantra* (Wahguru), is permanent.

ਅਸਲ ਵਿਚ ਗੁਰਮਤਿ ਸਾਨੂੰ ਮਾਇਕ ਖੁਸ਼ੀਆਂ ਦੇ ਮਗਰ ਭਜਣ ਤੋਂ ਵਰਜਦੀ ਹੈ ਅਤੇ ਵਾਰ ਵਾਰ, ਗੁਰੂ/ਪ੍ਰਭੂ ਪ੍ਰਾਪਤੀ ਦੇ ਅਸਲ ਮਾਰਗ, ਭਾਵ, ਨਾਮ ਸਿਮਰਨ ਦਾ ਉਪਦੇਸ਼ ਦਿਤਾ ਗਿਆ ਹੈ। ਇਸ ਲਈ ਸਿਖੀ ਦਾ ਮਾਰਗ, ਛੋਟੀਆਂ ਛੋਟੀਆਂ, ਸਦਾ ਸਥਿਰ ਨਾ ਰਹਿਣ ਵਾਲੀਆਂ ਖੁਸ਼ੀਆਂ ਦੇ ਮਗਰ ਭਜਣਾ ਨਹੀਂ ਹੈ, ਸਗੋਂ ਪ੍ਰਭੂ ਦਾ ਸਿਮਰਨ ਕਰਕੇ, ਪ੍ਰਭੂ ਦਾ ਪ੍ਰੇਮ ਪ੍ਰਾਪਤ ਕਰਨਾ ਅਤੇ ਪ੍ਰਭੂ ਵਿਚ ਸਮਾ ਜਾਣਾ ਹੈ।

So instead of going after the above means of illusionary happiness, including the lighting of lamps on Diwali night, beautiful scenery of stars, hustle and bustle at places of pilgrimage etc., one must do *Simran* and acquire the State of true Blissfulness and become one with *Akal Purakh*.

In Gurbani, *Sri Guru* Arjan Sahib, forbade to go after such mirage type happiness, which gives transient enjoyment only. To go after such type of illusionary happiness is only a folly. Guru Granth Sahib, pages 402, 460, 461 – the text is given above in *Gurmukhi*. On the whole, *Gurbani* preaches us against going after illusionary pleasures and happiness.

ਦੀਵਾਲੀ ਮਨਾਉਣ ਬਾਰੇ ਕੁਝ ਹੋਰ ਵੀਚਾਰ :

ਇਕ ਗਲ ਹੋਰ ਧਿਆਨ ਦੇਣ ਯੋਗ ਹੈ, ਅਖੇ ਇਸ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਗਵਾਲੀਅਰ ਤੋਂ ੫੨ ਰਾਜੇ ਕੈਦੀ ਛਡਵਾ ਕੇ ਅੰਮ੍ਰਿਤਸਰ ਸਾਹਿਬ ਪੁਜੇ ਸਨ। ਇਸ ਲਈ ਸਿਖਾਂ ਨੇ ਦੀਪਮਾਲਾ ਕਰ ਦਿਤੀ। ਮੰਨ ਲਈਏ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਦੀ ਜੇਲ 'ਚ ਅਨੇਕਾਂ ਕੈਦੀ ਰਿਹਾ ਕਰਵਾਏ ਸਨ। ਫ਼ਿਰ ਤਾਂ, ਸਿਖਾਂ ਨੂੰ ਉਸ ਦਿਨ ਜ਼ਿਆਦਾ ਦੀਪਮਾਲਾ ਕਰਨੀ ਬਣਦੀ ਹੈ। ਗੁਰੂ ਸਾਹਿਬਾਨ ਲਈ ਇਹੋ ਜਿਹੇ ਕੰਮ ਬਹੁਤ ਹੀ ਮਮੂਲੀ ਸਨ।

ਭਟ ਵਹੀਆਂ ਮੁਤਾਬਿਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ੬ ਸਾਲ ਗਵਾਲੀਅਰ ਦੇ ਕਿਲੇ ਵਿਚ ਰਹੇ। ਭਟ ਵਹੀਆਂ ਮੁਤਾਬਿਕ ਜਦੋਂ ੨੬ ਅਕਤੂਬਰ ੧੬੧੯ ਨੂੰ ਗੁਰੂ ਸਾਹਿਬ ਦੀ ਰਿਹਾਈ ਦਾ ਸਮਾਂ ਆਇਆ ਪਰ ਉਹ ਇਸ ਸ਼ਰਤ 'ਤੇ ਬਾਹਰ ਆਏ ਕਿ ਬਾਕੀ ਸਾਰੇ ਕੈਦੀਆਂ ਨੂੰ ਵੀ ਰਿਹਾਅ ਕੀਤਾ ਜਾਵੇ।

'ਗੁਰੂ ਹਰਿਗੋਬਿੰਦ ਜੀ ਮਹਲ ਛਟਾ ਗੁਰੂ ਅਰਜਨ ਜੀ ਕਾ, ਸੋਢੀ ਖਤ੍ਰੀ ਚਕ ਗੁਰੂ ਕਾ ਪਰਗਣਾ ਨਿਝਰਆਲਾ, ਸੰਮਤ ਸੋਲਾਂ ਸੇ ਛਿਹਤਰ ਕਤਕ ਮਾਸੇ ਕ੍ਰਿਸ਼ਨਾ ਪਖੇ ਚੌਦਸ ਦੇ ਦਿਹੁੰ, ਗੁਰੂ ਜੀ ਬਾਵਨ ਰਾਜਯੋਂ ਕੇ ਗੈਲ ਗੜ ਗੁਆਲੀਅਰ ਸੇ ਬੰਧਨ ਮੁਕਤ ਹੋਏ।' ਉਹ ੫੨ ਰਾਜੇ ਕੈਦੀਆਂ ਨੂੰ ਕਿਲ੍ਹੇ ਵਿਚੋਂ ਬਾਹਰ ਲੈ ਕੇ ਆਏ। ਅਸੂ ਦੀ ਮਸਿਆ ਨੂੰ ਦੀਵਾਲੀ ਸੀ। ਉਪਰੰਤ ਕਤਕ ਦੀ ਕ੍ਰਿਸ਼ਨ ਪਖੀ ਚੌਦਸ, ਭਾਵ, ਕਤਕ ਦੀ ਮਸਿਆ ਤੋਂ ਇਕ ਦਿਨ ਪਹਿਲਾਂ ਆਉਂਦੀ ਸੀ। ਇਸ ਤਰ੍ਹਾਂ ਦੋਹਾਂ ਵਿਚ ਇਕ ਮਹੀਨਾ, ਘਟ ਇਕ ਦਿਨ ਦਾ ਫ਼ਰਕ ਸੀ। ਉਸ ਉਪਰੰਤ ਵੀ ਗੁਰੂ ਸਾਹਿਬ ਲੰਮੇ ਸਮੇਂ ਬਾਅਦ ਅੰਮ੍ਰਿਤਸਰ ਪੁਜੇ ਸਨ, ਜੋ ਦੀਵਾਲੀ ਵਾਲਾ ਦਿਨ ਬਿਲਕੁਲ ਨਹੀਂ ਬੈਠਦਾ। ਭਟ ਵਹੀਆਂ ਅਨੁਸਾਰ ਗੁਰੂ ਸਾਹਿਬ ਗਵਾਲੀਅਰ ਤੋਂ ਨਿਕਲਣ ਤੋਂ ਬਾਅਦ ਮਾਘੀ ਵਾਲੇ ਦਿਨ, ਜੋ ੨੮ ਜਨਵਰੀ, ੧੬੨੦ ਨੂੰ ਅੰਮ੍ਰਿਤਸਰ ਪੁਜੇ ਸਨ।

ਕੁਝ 'ਵਿਦਵਾਨਾਂ' ਦਾ ਮਤ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕੀਤਾ ਗਿਆ ਸੀ। ਜੇ ਇਹ ਸਹੀ ਮੰਨ ਲਿਆ ਜਾਏ ਤਾਂ ਇਹ ਗ਼ੈਰ-ਤਰਕਸੰਗਤ ਹੈ ਕਿ ਇਕ ਕੈਦੀ ਦੇ ਰਿਹਾ ਹੋਣ ਤੇ, ਉਸ ਦੀਆਂ ਇਤਨੀਆਂ ਵਡੀਆਂ ਸ਼ਰਤਾਂ ਮੰਨ ਲਈਆਂ ਜਾਣ ਕਿ ਬਾ-ਮੁਸ਼ਕਲ ਕੈਦ ਕੀਤੇ ੫੨ ਰਾਜੇ ਰਿਹਾ ਕਰ ਦਿਤੇ ਜਾਣ। ੫੨ ਰਾਜਿਆਂ ਦਾ ਰਿਹਾ ਕਰਨਾ ਇਸ ਗਲ ਦਾ ਸਬੂਤ ਹੈ ਕਿ ਗੁਰੂ ਪਾਤਸ਼ਾਹ ਕੋਈ ਕੈਦੀ ਨਹੀਂ ਸਨ, ਫ਼ਿਰ, ਕਿਲੇ ਵਿਚ ਗੁਰੂ ਸਾਹਿਬ ਦਾ ਦੀਵਾਨ ਸਜਣਾ, ਲੰਗਰ ਚਲਣੇ, ਸ਼ਾਹੀ ਠਾਠ, ੫੨ ਕਲੀਆਂ ਵਾਲਾ ਚੋਲਾ ਸਿਵਾ ਲੈਣ ਦੀ ਖੁਲ, ਵੀ ਇਹੀ ਸਾਬਤ ਕਰਦੇ ਹਨ ਕਿ ਮਹਾਰਾਜ ਕੈਦੀ ਨਹੀਂ ਸਨ।

ਹਿੰਦੂਆਂ ਵਿਚ ਇਸ ਦਿਨ ਨੂੰ ਨਰਕ ਚੌਦਸ ਵੀ ਕਹਿੰਦੇ ਹਨ। ਇਸ ਨੂੰ ਰੂਪ ਚੌਦਸ ਵੀ

ਕਹਿੰਦੇ ਹਨ। ਇਸੇ ਦਿਨ ਸ੍ਰੀ ਕ੍ਰਿਸ਼ਨ ਜੀ ਨੇ ਨਰਕਾਸੁਰ ਨੂੰ ਮਾਰ ਕੇ ੧੬੧੦੦ ਕੰਨਿਆਵਾਂ ਨੂੰ ਛਡਾਇਆ ਸੀ। ਇੰਞ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਉਸ ਵਕਤ ਦੇ ਮਗਧ ਦੇ ਜਰਾਸੰਧ ਰਾਜਾ ਨੂੰ ਭੀਮ ਦੇ ਹਥੋਂ ਮਰਵਾ ਕੇ ੮੬ ਰਾਜਿਆਂ ਨੂੰ ਮੁਕਤ ਵੀ ਕਰਵਾਇਆ ਸੀ।

ਕਿਸੇ ਵੀ ਤਰ੍ਹਾਂ, ਦੀਵਾਲੀ ਨੂੰ ਕਿਸੇ ਵੀ ਗੁਰੂ ਸਾਹਿਬ ਨਾਲ ਨਹੀਂ ਜੋੜਿਆ ਜਾ ਸਕਦਾ। ਇਥੋਂ ਤਕ ਕਿ ਹਿੰਦੂਆਂ ਵਿਚ ਵੀ ਦੀਵਾਲੀ ਮਨਾਏ ਜਾਣ ਦੇ ਕਾਰਣ ਸ਼ੰਕਾਵਾਂ ਵਿਚ ਘਿਰੇ ਹੋਏ ਹਨ, ਜਿਨ੍ਹਾਂ ਦਾ ਵੇਰਵਾ ਵਖ ਤੌਰ ਤੇ ਦਿਤਾ ਜਾਵੇਗਾ। ਇਹੀ ਗਲ ਮੰਨਣ ਯੋਗ ਜਾਪਦੀ ਹੈ ਕਿ ਦੀਵਾਲੀ, ਕੋਈ ਧਾਰਮਕ ਤਿਉਹਾਰ ਨਾ ਹੋ ਕੇ ਇਕ ਮੌਸਮੀ ਤਿਉਹਾਰ ਹੈ।

This is generally believed that Guru Hargobind Sahib, after getting the 52 imprisoned kings liberated, reached Amritsar. It happened the day of the *Diwali* that day. The Sikhs celebrated his arrival and the day as the Liberation Day.

Sri Guru Nanak Sahib got liberated hundreds of people from the prisons of Babur, the then Mughal emperor. That, being the bigger event, should also be celebrated as the festival of lights.

According to one source of history, the *Bhatt Vahis*, Sri Guru Hargobind came out from the fort of Gwalior on 14th dark night of *Kattak* month. The *Diwali* fell on the last dark night of month of *Assu*. Here Guru Hargobind Sahib came out from Gwalior fort on the day, one day less than a month after *Diwali*. Thereafter he reached Amrisar on *Maghi* Festival, i.e., 28th January 1620. The *Diwali* was no where around.

Some 'scholars' are of the view that the Guru was a prisoner in the fort of Gwalior. If this was true, then how a prisoner can force the Emperor to release 52 imprisoned kings who had earlier been defeated in the battles. How a prisoner can be allowed to hold *Diwans*, *Langar*, royal lifestyle and getting sewed a cloak of 52 robes, which the Guru gave to all the 52 kings to hold one each and come out, as suggested was a condition of the Emperor, for their release. All these facts prove that the Guru was not at all a prisoner there, in the fort of Gwalior.

Among *Hindus*, this day is called *Narak Chaudas/Roop Chaudas* also because Sri Krishan ji libertated 16100 girls fro the clutches of *Narkasur* after killing him. Sri Krishan ji also liberated 86 kings from the dark prison of *Jarasandh*, the then king of erstwhile *Magadh*.

In no way, elebrating Diwali festival has any connection with any of the ten *Guru Sahiban.* There is much controversy among Hindus either, which will be discussed separately. Actually, the Diwali can be accepted as a season festival.